UGC Approved Journal
Research Link

Since March 2002

An International, Registered & Referred Monthly Journal : **Punjabi Literature**

Research Link - 165, Vol - XVI (10), December - 2017, Page No. 131-133

ISSN - 0973-1628 ■ RNI - MPHIN-2002-7041 ■ Impact Factor - 2015 - 2.782

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ - ਬਾਣੀ ਦਾ ਰਾਗ ਪ੍ਰਬੰਧ

*ਸ੍ਰੀ ਗੁਰੂਗ੍ਰੰਥ ਸਾਹਿਬ ਦੀ ਰਾਗਾਤਮਿਕ ਤਰਤੀਬ ਦੇ ਅੰਤਰਗਤ ਗਿਆਰਵਾਂ ਸਥਾਨ ਲੈਣ ਵਾਲੇ ਰਾਗੁ ਜੈਤਸਰੀ ਦਾ ਪ੍ਰਯੋਗ ਸਮੁਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਇਕ ਸ਼ਬਦ)[25] ਦੁਆਰਾ ਹੀ ਕੀਤਾ ਹੈ। ਇਸੇ ਤਰ੍ਹਾਂ ਤੇਈਵਾਂ ਸਥਾਨ ਲੈਣ ਵਾਲਾ ਰਾਗੁ ਕੇਦਾਰਾ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਇਕ ਸ਼ਬਦ)[26] ਤੇ ਕਬੀਰ (ਛੇ ਸ਼ਬਦ)[27] ਨੇ ਹੀ ਕੀਤਾ, ਜਦੋਂ ਕਿ ਗੁਰੂਬਾਣੀ ਦੇ ਅੰਤਰਗਤ ਗੁਰੂਰਾਮਦਾਸ ਜੀ (ਦੋ ਸ਼ਬਦ)[28] ਅਤੇ ਗੁਰੂਅਰਜਨ ਦੇਵ ਜੀ (ਸੋਲ੍ਹਾਂ ਸ਼ਬਦ)[29] ਦੁਆਰਾ ਹੀ ਕੀਤਾ ਗਿਆ ਹੈ। ਰਾਗ ਤਰਤੀਬ ਅਨੁਸਾਰ ਸਤਾਈਵਾਂ ਸਥਾਨ ਲੈਣ ਵਾਲੇ ਰਾਗੁ ਮਲਾਰ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਤਿੰਨ ਸ਼ਬਦ)[30], ਨਾਮਦੇਵ ਜੀ (ਦੋ ਸ਼ਬਦ)[31] ਅਤੇ ਗੁਰੂ-ਬਾਣੀ ਦੇ ਅੰਤਰਗਤ ਗੁਰੂਨਾਨਕ ਦੇਵ ਜੀ, ਗੁਰੂਅਮਰਦਾਸ ਜੀ, ਗੁਰੂਰਾਮਦਾਸ ਜੀ ਤੇ ਗੁਰੂਅਰਜਨ ਦੇ ਵ ਜੀ ਦੁਆਰਾ ਹੀ ਕੀਤਾ ਹੈ। ਰਾਗ ਤਰਤੀਬ ਅਨੁਸਾਰ ਤੀਜਾ ਸਥਾਨ ਲੈਣ ਵਾਲੇ ਰਾਗੁ ਗਉੜੀ ਦੇ ਪ੍ਰਕਾਰਾਂ ਦੇ ਅੰਤਰਗਤ ਰਾਗ ਗਉੜੀ ਗੁਆਰੇਰੀ, ਗਉੜੀ ਬੈਰਾਗਣਿ ਤੇ ਗਉੜੀ ਪੂਰਬੀ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ ਅਤੇ ਕਬੀਰ ਜੀ ਦੁਆਰਾ ਹੀ ਕੀਤਾ ਗਿਆ ਪ੍ਰਾਪਤ ਹੁੰਦਾ ਹੈ।*

**ਡਾ. ਹਰਗੁਣ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੇ ਸੰਗੀਤ ਵਿਧਾਨ ਦੇ ਅੰਤਰਗਤ ਪ੍ਰਾਪਤ ਹੋਣ ਵਾਲਾ ਪ੍ਰਮੁੱਖ ਅਤੇ ਮਹੱਤਵਪੂਰਨ ਸੰਗੀਤ ਸੂਚਕ ਸਿਰਲੇਖ 'ਰਾਗ' ਹੈ, ਜੋ ਗਾਵਣਹਾਰੇ ਲਈ ਇਸ ਬਾਣੀ ਨੂੰ ਨਿਰਧਾਰਿਤ ਕੀਤੇ ਗਏ 'ਰਾਗ' ਸਿਰਲੇਖ ਦੇ ਅਨੁਸਾਰ ਗਾਇਨ ਕਰਨ ਦਾ ਸਦੀਵੀ ਵਿਧਾਨ ਸਿਰਜਦੇ ਹਨ ਤਾਂ ਜੋ ਬਾਣੀ ਦੇ ਮੂਲ ਭਾਵ ਨੂੰ ਠੀਕ ਪ੍ਰਸੰਗ ਵਿਚ ਸ੍ਰੋਤਿਆਂ (ਸੰਗਤ) ਦੇ ਮਨ ਮੰਦਰ ਵਿਚ ਦ੍ਰਿੜ੍ਹ ਕਰਵਾਇਆ ਜਾ ਸਕੇ ਕਿਉਂਕਿ ਰਾਗ ਅਤੇ ਬਾਣੀ ਦਾ ਇਹ ਸੁੰਦਰ ਸੁਮੇਲ ਭਾਵਾਤਮਿਕ ਪੱਧਰ ਦਾ ਧਾਰਣੀ ਹੈ, ਇਸ ਸੰਬੰਧੀ ਡੂੰਘੇਰੀ ਚਰਚਾ ਇਸ ਪ੍ਰਕਾਰ ਹੈਃ-

ਪ੍ਰਾਚੀਨ ਗ੍ਰੰਥਾਂ ਵਿਚ 'ਰਾਗ ਸ਼ਬਦ' ਦਾ ਉਲੇਖ ਵਿਭਿੰਨ ਪ੍ਰਸੰਗਾਂ ਵਿਚ ਕੀਤਾ ਗਿਆ ਹੈ। ਕਾਵਿ ਪੱਖੋਂ ਇਸ ਨੂੰ 'ਪ੍ਰੀਤ' ਤੇ 'ਅਨੁਰਾਗ' ਦੇ ਅਰਥ ਦਿੱਤੇ ਗਏ ਹਨ ਅਤੇ ਦਰਸ਼ਨ ਪੱਖੋਂ 'ਰਾਗ ਵਿਰਾਗ'।[1] ਇਥੋ ਤੱਕ ਕਿ ਭਰਤਮੁੰਨੀ ਦੁਆਰਾ ਰਚਿਤ 'ਨਾਟਯ ਸ਼ਾਸਤਰ' ਵਿਚ ਵੀ ਰਾਗ ਉਲੇਖ ਸਾਹਿਤਕ ਪੱਧਰ ਤੇ ਹੀ ਹੋਇਆ ਹੈ।[2]

ਰਾਗ ਭਾਰਤੀ ਸੰਗੀਤ ਦਾ ਹੀ ਨਹੀਂ ਬਲਕਿ ਸਮੁੱਚੇ ਏਸ਼ੀਆਈ ਸੰਗੀਤ ਦਾ ਪ੍ਰਮੁੱਖ ਤੇ ਕੇਂਦਰਕਾਰੀ ਤੱਤ ਹੈ। ਭਾਵੇਂ ਸੰਗੀਤ ਜਗਤ ਵਿਚ ਇਸਦੀ ਉਤਪਤੀ ਸੰਬੰਧੀ ਵਿਭਿੰਨ ਮਤ ਪ੍ਰਚੱਲਿਤ ਹਨ ਪਰ ਇਸ ਦਾ 'ਜਨ ਚਿਤ ਰੰਜਕ' ਤੱਥ ਸੰਗੀਤ ਵਿਗਿਆਨੀਆਂ ਦੁਆਰਾ ਪ੍ਰਵਾਨਿਤ ਕੀਤਾ ਗਿਆ ਹੈ। ਪ੍ਰਸਿੱਧ ਵਿਦਵਾਨ ਆਚਾਰੀਆ ਬ੍ਰਹਸਪਤੀ ਅਨੁਸਾਰ ਸੰਗੀਤਕ ਖੇਤਰ ਵਿਚ ਰਾਗ ਦੇ ਅਰਥ ਹਨ ਰੰਗ ਜਾਂ ਰੰਗਣਾ। ਇਸ ਕਰਕੇ ਰਾਗ ਦੀ ਮੂਲ ਕਿਰਿਆ ਹੈ ਮਾਨਵ ਮਨ ਨੂੰ ਵਿਸ਼ੇਸ਼ ਰੰਗ (ਭਾਵ) ਵਿਚ ਰੰਗਣਾ। ਵਿਸ਼ਿਸ਼ਟ ਸਰੂਪ ਅਤੇ ਵਿਸ਼ਿਸ਼ਟ ਅਨੁਪਾਤ ਤੋਂ ਪ੍ਰਯੋਗ ਕੀਤੇ ਜਾਣ ਵਾਲੇ ਸਵਰਾਂ ਦਾ ਵਿਸ਼ਿਸ਼ਟ ਸਰੂਪ ਰਾਗ ਹੈ, ਜਿਸ ਵਿਚ ਖਾਸ-ਖਾਸ ਸਵਰਾਂ ਉਤੇ ਠਹਿਰਾਵ ਹੋਵੇ , ਰਾਗ ਦੀ ਸਥਾਪਨਾ ਕ੍ਰਮਵਾਰ ਹੌਲੀ-ਹੌਲੀ ਹੁੰਦੀ ਹੈ। ਜਿਸਨੂੰ ਬੜ੍ਹਤ ਕਹਿੰਦੇ ਹਨ। ਇਹ ਬੜ੍ਹਤ ਸ੍ਰੋਤਿਆਂ ਦੇ ਮਨ ਨੂਇਕ ਵਿਸ਼ਿਸ਼ਟ ਭਾਵਨਾ ਵਿਚ ਰੰਗਦੀ ਹੈ ਅਤੇ ਇਹ ਰੰਗ ਹੌਲੀ-ਹੌਲੀ ਗਾੜ੍ਹਾ ਹੁੰਦਾ ਜਾਂਦਾ ਹੈ।[3]

ਦੇਖਿਆ ਜਾਵੇ ਤਾਂ 'ਰਾਗ' ਇਕ ਵਿਸ਼ਿਸ਼ਟ ਪ੍ਰਬੰਧਾਂ ਦੇ ਆਧਾਰਿਤ ਸੁਰਾਤਮਿਕ ਰਚਨਾ ਹੈ, ਜਿਸਦੇ ਮੂਲ ਵਿਚ ਸੁਰ ਹੀ ਬਹੁ-ਪ੍ਰਕਾਰੀ ਤੇ ਬਹੁ-ਪ੍ਰਬੰਧੀ ਕਾਰਜ ਪ੍ਰਕਿਰਿਆ ਦਾ ਧਾਰਣੀ ਹੋ ਨਿਬੜਦਾ ਹੈ। ਸਵਰਾਂ ਦੀ ਇਹ ਬਹੁ-ਪ੍ਰਬੰਧੀ ਕਾਰਜ ਪ੍ਰਕ੍ਰਿਆ ਜਿਥੇ ਰਾਗ ਦੇ ਬਾਹਰੀ ਸਰੂਪ ਨੂੰ ਉਭਾਰਦੀ ਹੈ, ਉਥੇ ਰਾਗ ਦੇ ਆਂਤਰਿਕ ਸਰੂਪ (ਭਾਵ ਪ੍ਰਕਾਸ਼ਨ/ਰਸ ਨਿਸ਼ਪਤੀ) ਨੂੰ ਵੀ ਉਭਾਰਦੀ ਹੈ। ਰਾਗ ਸੌਂਦਰਯ ਦੇ ਅੰਤਰਗਤ ਰਸ ਨਿਸ਼ਪਤੀ ਨੂੰ ਰਾਗ (ਸੰਗੀਤ) ਵਿਚ ਪਰਮ ਉਦੇਸ਼ ਵਜੋਂ ਸਵੀਕਾਰਿਆ ਗਿਆ ਹੈ।

ਸੰਗੀਤ ਵਿਗਿਆਨੀਆਂ ਦੁਅਰਾ ਸੁਤੰਤਰ ਰੂਪ ਵਿਚ ਵਿਭਿੰਨ ਸੁਰਾਂ ਤੋਂ ਵਿਭਿੰਨ ਰਸਾਂ ਦੀ ਉਤਪਤੀ ਮੰਨੀ ਗਈ ਹੈ। ਜਿਸ ਸੰਬੰਧੀ ਉਲੇਖ ਸੰਗੀਤ ਦੇ ਪ੍ਰਸਿੱਧ ਆਚਾਰੀਆ ਭਰਤਮੁੰਨੀ[4], ਪੰਡਿਤ ਸ਼ਾਰੰਗਦੇਵ[5] ਅਤੇ ਪੰਡਿਤ ਦਮੋਦਰ[6] ਦੇ ਸੰਗੀਤ ਗ੍ਰੰਥਾਂ ਵਿੱਚ ਵੀ ਮਿਲਦੇ ਹਨ। ਇਨ੍ਹਾਂ ਵਿਭਿੰਨ ਸੁਰਾਂ ਦੀ ਸੁਤੰਤਰ ਸੁਰਾਤਮਿਕ ਵਸ਼ਿਸ਼ਟਤਾ ਮੇਲਾਨ ਸਦਕਾ ਹੋਰ ਵੀ ਤੀਬਰ ਹੋ ਜਾਂਦੀ ਹੈ ਕਿਉਂ ਜੋ ਇਨ੍ਹਾਂ ਸੁਰਾਂ ਦੇ ਆਪਸੀ ਮੇਲਾਨ ਤੋਂ ਹੀ ਰਾਗ ਦੀ ਸਿਰਜਣਾ ਹੁੰਦੀ ਹੈ। ਇਸ ਤੋਂ ਬਿਨਾਂ ਸੁਰ ਲਗਾਵ ਤੇ ਸੁਰ ਉਚਾਰਨ ਦੇ ਭੇਦ ਆਦਿ ਸੰਗੀਤਕ ਕ੍ਰਿਆਵਾਂ ਵਿਭਿੰਨ ਰਸਾਂ ਦੇ ਸੰਚਾਰ ਲਈ ਮਹੱਤਵਪੂਰਨ ਸਹਾਇਕ ਤੱਤ ਹਨ। ਇਸ ਤਰ੍ਹਾਂ ਰਾਗ ਆਪਣੇ ਸੌਂਦਰਯਾਤਮਿਕ ਲੱਛਣਾਂ ਦੁਆਰਾ ਮਾਨਵੀ-ਮਨ ਵਿਚ ਸਦੀਵੀ ਵਿਦਮਾਨ ਭਾਵਾਂ ਦੀ ਰਸਾਨਭੂਤੀ ਕਰਾਉਣ ਲਈ ਸਮਰੱਥ ਹੈ ਜੋ ਸ੍ਰੋਤਿਆਂ ਨੂੰ ਕਿਸੇ ਖਾਸ ਭਾਵ-ਪ੍ਰਕਾਸ਼ਨ ਵਿਚ ਰੰਗ ਕੇ ਉਨ੍ਹਾਂ ਨੂੰ ਆਨੰਦਿਤ ਕਰਦਾ ਹੈ।

ਪ੍ਰਚੱਲਿਤ ਮਤ ਅਨੁਸਾਰ ਗਾਇਨ, ਵਾਦਨ ਅਤੇ ਨ੍ਰਿਤ ਦੇ ਸੰਮਿਲਤ ਰੂਪ ਨੂੰ ਸੰਗੀਤ ਕਿਹਾ ਜਾਂਦਾ ਹੈ ਅਤੇ ਇਸ ਵਿਚੋਂ ਗਾਇਨ ਬਾਕੀ ਦੋਹਾਂ ਦੇ

*ਸਹਾਇਕ ਪ੍ਰੋਫ਼ੈਸਰ ਤੇ ਮੁਖੀ, ਸ੍ਰੀ ਗੁਰੂਹਰਿ ਰਾਏ ਸਾਹਿਬ ਕਾਲਜ ਫਾਰ ਵੋਮੈਨ, ਚੱਬੇਵਾਲ (ਹੁਸ਼ਿਆਰਪੁਰ) (ਪੰਜਾਬ)*

ਮੁਕਾਬਲੇ ਭਾਵ-ਪਕਾਸ਼ਨ ਦੀ ਬਹੁਲਤਾ ਕਾਰਨ ਸਰਵ ਸ੍ਰੇਸ਼ਟ ਮੰਨਿਆ ਜਾਂਦਾ ਹੈ, ਜਿਸਦਾ ਪ੍ਰਮੁੱਖ ਕਾਰਨ ਰਾਗ ਦੇ ਕਾਵਿ (ਭਾਸ਼ਾ/ਗੀਤ) ਦਾ ਅੰਤਰ-ਸੰਬੰਧਿਤ ਹੋਣਾ ਹੈ ਕਿਉਂ ਜੋ ਰਾਗ ਦੇ ਵਿਭਿੰਨ ਸੌਂਦਰਯਾਤਮਿਕ ਤੱਤ ਸ੍ਰੋਤਿਆਂ ਦੇ ਮਨ ਨੂੰ ਵਿਅੰਜਤ ਕਰਕੇ ਭਾਵ-ਪ੍ਰਕਾਸ਼ਨ ਦੇ ਕਾਰਜ ਦੁਆਰਾ ਆਨੰਦਿਤ ਤਾਂ ਜ਼ਰੂਰ ਕਰਦੇ ਹਨ ਪਰ ਇਹ ਵਿਅੰਜਨਾਂ ਗੂੰਗੇ ਦੀ ਭਾਵ ਵਿਅੰਜਨਾਂ ਵਰਗੀ ਹੁੰਦੀ ਹੈ। ਪਰ ਕਾਵਿ ਇਸ ਨੂੰ ਭਾਸ਼ਾ ਦਿੰਦਾ ਹੈ ਅਤੇ ਇਸਦੇ ਗੂੰਗੇਪਣ ਨੂੰ ਦੂਰ ਕਰਕੇ ਸ੍ਰੋਤਿਆਂ ਨੂੰ ਕਾਵ ਸੰਦਰਭੀ ਵਿਸ਼ੇਸ਼ ਵਿਸ਼ੇ ਵੱਲ ਲਿਜਾਣ ਦਾ ਵਾਹਕ ਬਣਨ ਦੇ ਸਮਰੱਥ ਬਣਾਉਂਦਾ ਹੈ। ਇਸ ਤਰ੍ਹਾਂ ਰਾਗ ਅਤੇ ਕਾਵਿ (ਗੀਤ) ਆਪਣੇ ਸੁਰਾਤਮਿਕ ਅਤੇ ਸ਼ਾਬਦਿਕ ਸੌਂਦਰਯ ਪ੍ਰਬੰਧ ਸਦਕਾ ਅਤਿ ਪ੍ਰਭਾਵਸ਼ਾਲੀ ਹੋ ਨਿਬੜਦੇ ਹਨ।

ਸਪੱਸ਼ਟ ਹੈ ਕਿ ਗੁਰੂਰਵਿਦਾਸ ਜੀ ਰਾਗ ਅਤੇ ਕਾਵਿ ਦੇ ਇਸ ਪ੍ਰਭਾਵੀ ਤੱਥ ਤੋਂ ਪੂਰੀ ਤਰ੍ਹਾਂ ਜਾਗਰੂਕ ਸਨ ਇਹੋ ਕਾਰਣ ਹੈ ਕਿ ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਦਰਜ ਰਵਿਦਾਸ ਬਾਣੀ ਦੇ ਅੰਤਰਗਤ ਸੰਗੀਤਕ ਤੱਤ ਰਾਗ ਦਾ ਪ੍ਰਯੋਗ ਬੜੇ ਵੱਡੇ ਪੱਧਰ 'ਤੇ ਪ੍ਰਾਪਤ ਹੁੰਦਾ ਹੈ। ਦੇਖਣਯੋਗ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ-ਬੱਧ ਬਾਣੀ ਅੰਗ 14 ਤੋਂ 1353 ਤੱਕ ਮੁਖ ਰਾਗ 31 (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰੰਗ, ਮਲਾਰ, ਕਾਨੜਾ, ਪ੍ਰਭਾਤੀ ਤੇ ਜੈਜਵੰਤੀ) ਅਤੇ ਰਾਗ ਪ੍ਰਕਾਰ 31 (ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਵਡਹੰਸ ਦਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲ ਦਖਣੀ, ਬਿਲਾਵਲੁ ਮੰਗਲ, ਬਿਲਾਵਲੁ ਗੋਂਡ, ਰਾਮਕਲੀ ਦਖਣੀ, ਨਟ, ਮਾਰੂਕਾਫੀ, ਮਾਰੂ ਦੱਖਣੀ, ਬਸੰਤੁ ਹਿੰਡੋਲ, ਕਲਿਆਣ ਭੋਪਾਲੀ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ, ਪ੍ਰਭਾਤੀ ਦੱਖਣੀ) ਕੁਲ 62 ਰਾਗਾਂ ਵਿਚ ਦਰਜ ਕੀਤੀ ਗਈ ਹੈ। ਇਹ ਰਾਗ ਚੋਣ ਇਸ ਪ੍ਰਕਾਰ ਕੀਤੀ ਗਈ ਹੈ ਜਿਸਦੇ ਅੰਤਰਗਤ ਮਾਨਵ-ਚੇਤਨਾ ਨੂੰ ਸਹਿਜ ਅਵਸਥਾ ਵਿਚ ਇਨ੍ਹਾਂ ਬਾਣੀਕਾਰਾਂ ਦੀ ਬਾਣੀ ਦੇ ਮਾਨਵ-ਹਿਤੈਸ਼ੀ ਸੰਦੇਸ਼ ਸੰਚਰਿਤ ਹੋ ਸਕਣ। ਸ੍ਰੀ ਗੁਰੂਗ੍ਰੰਥ ਸਾਹਿਬ ਦੇ ਇਸ ਰਾਗ ਪ੍ਰਬੰਧ ਦੇ ਅੰਤਰਗਤ ਪ੍ਰਾਪਤ ਹੋਣ ਵਾਲੀ ਸਾਰੀ ਰਵਿਦਾਸ-ਬਾਣੀ ਰਾਗਾਤਮਿਕ ਹੈ, ਜੋ ਅੰਗ 93 ਤੋਂ 1393 ਤੱਕ ਦਰਜ ਕੀਤੀ ਮਿਲਦੀ ਹੈ। ਆਪ ਜੀ ਦੁਆਰਾ 'ਧੁਰ ਕੀ ਬਾਣੀ' ਦੇ ਸਫ਼ਲ ਪ੍ਰਗਟਾ ਹਿਤ ਪ੍ਰਯੋਗ ਕੀਤੇ ਗਏ ਰਾਗਾਂ ਦੀ ਕੁਲ ਗਿਣਤੀ 18 (ਮੁਖ ਰਾਗ 15 ਤੇ ਰਾਗ ਪ੍ਰਕਾਰ 3) ਹੈ ਜਿਸ ਦੇ ਅੰਤਰਗਤ 40 ਪਦ-ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਰਵਿਦਾਸ-ਬਾਣੀ ਦੇ ਰਾਗਾਂ ਅਤੇ ਉਸਦੇ ਅੰਤਰਗਤ ਪ੍ਰਾਪਤ ਪਦਿਆਂ ਦੀਆਂ ਮੁੱਢਲੀਆਂ ਤਕਾਂ ਇਸ ਪ੍ਰਕਾਰ ਹਨ:

**ਰਾਗ ਸਿਰੀ** (1)[7]

- ਤੋਹੀ ਮੋਹੀ ਮੋਹੀ ਤੋਰੀ ਅੰਤਰ ਕੈਸਾ।।

**ਗਉੜੀ ਗੁਆਰੇਰੀ** (2)[8]

- ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ।।
- ਬੇਗਮਪੁਰਾ ਸਹਰ ਕੋ ਨਾਉ।।

**ਗਉੜੀ ਬੈਰਾਗਣਿ** (2)[9]

- ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣ ਬੈਲੁ ਹਮਾਰ।।
- ਸਤਜੁਗਿ ਸਤੁ ਤੇਤਾ ਜੁਗੀ ਦੁਆਪਰਿ ਪੂਜਾਚਾਰ।।

**ਗਉੜੀ ਪੂਰਬੀ** (1)[10]

- ਰੂਖੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸ ਨ ਬੂਝ।।

**ਰਾਗੁ ਆਸਾ** (6)[11]

- ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ, ਏਕ ਦੋਖ ਬਿਨਾਸ।।
- ਸੰਤ ਤੁਝੀ ਤਨ ਸੰਗਤਿ ਪ੍ਰਾਨ।।
- ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।।
- ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ।।
- ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।।
- ਮਾਟੀ ਕੋ ਪੁਤਰਾ ਕੈਸੇ ਨਚਤੁ ਹੈ।

**ਰਾਗੁ ਗੂਜਰੀ** (1)[12]

- ਦੂਧੁ ਤ ਬਛਰੈ ਥਨਹੁ ਬਿਟਾਰਿਓ।।

**ਰਾਗੁ ਸੋਰਠਿ** (7)[13]

- ਜਬ ਹਮ ਹੋਤੇ ਤਬ ਤੂਨਾਹੀ ਅਬ ਤੂਹੀ ਮੈ ਨਾਹੀ।।
- ਜਉ ਹਮ ਬਾਧੇ ਮੋਹਿ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ।।
- ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ।।
- ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।।
- ਜਉ ਤੁਮ ਗਿਰਿਵਰ ਤਉ ਹਮ ਮੋਰਾ।।
- ਜਲ ਕੀ ਭੀਤਿ ਪਵਨ ਦਾ ਥੰਭਾ ਰਕਤ ਬੁੰਦ ਦਾ ਗਾਰਾ।।
- ਚਮਰਟਾ ਗਾਂਠਿ ਨ ਜਨਈ।।

**ਰਾਗੁ ਧਨਾਸਰੀ** (3)[14]

- ਹਮ ਸਰ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ।।
- ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।।
- ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।।

**ਰਾਗ ਜੈਤਸਰੀ** (1)[15]

- ਨਾਥ ਕਛੂਆ ਨਾ ਜਾਨਉ।।

**ਰਾਗ ਸੂਹੀ** (3)[16]

- ਸਹ ਕੀ ਸਾਰ ਸੁਹਾਗਨਿ ਜਾਨੈ।।
- ਜੋ ਦਿਨ ਆਵਹਿ ਸੋ ਦਿਨ ਜਾਹੀ।।
- ਊਚੇ ਮੰਦਰ ਸਾਲ ਰਸੋਈ।।

**ਰਾਗੁ ਬਿਲਾਵਲੁ** (2)[17]

- ਦਾਰਿਦ ਦੇਖਿ ਸਭੁ ਕੋ ਹਸੈ ਐਸੀ ਦਸਾ ਹਮਾਰੀ।।
- ਜਿਹ ਕੁਲ ਸਾਧ ਬੈਸਨੋ ਹੋਇ।।

**ਰਾਗ ਗੋਂਡ** (2)[18]

- ਮੁਕੰਦ ਮੁਕੰਦ ਜਪਹੁ ਸੰਸਾਰੁ।।
- ਜੇ ਓਹ ਅਠਸਠਿ ਤੀਰਥ ਨਾਵੈ।।

**ਰਾਗੁ ਰਾਮਕਲੀ** (1)[19]

- ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨ ਭਉ ਨ ਦਰਸੈ।।

**ਰਾਗੁ ਮਾਰੂ** (2)[20]

- ਐਸੀ ਲਾਲ ਤੁਝ ਬਿਨੁ ਕਉਨੁ ਕਰੈ।
- ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ।।

**ਰਾਗੁ ਕੇਦਾਰਾ** (1)[21]

- ਖਟੁ ਕਰਮ ਕੁਲ ਸੰਜੁਗਤ ਹੈ ਹਰਿ ਭਗਤਿ ਹਿਰਦੈ ਨਾਹਿ।।

**ਰਾਗੁ ਭੈਰਉ** (1)[22]

- ਬਿਨ ਦੇਖੇ ਉਪਜੈ ਨਾਹੀ ਆਸਾ।।

**ਰਾਗੁ ਬਸੰਤੁ** (1)[23]

- ਤੁਝਹਿ ਸੁਝੰਤਾ ਕਛੂਨਾਹਿ।।

**ਰਾਗੁ ਮਲਾਰ** (3)[24]

- ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ।।
- ਹਰਿ ਜਪਤ ਤੇਊਜਨਾ ਪਦਮ ਕਵਲਾਸਪਤਿ ਤਾਸ ਸਮ ਤੁਲਿ ਨਹੀ ਆਨ ਕੋਊ।।
- ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ।।

ਸਪੱਸ਼ਟ ਹੈ ਕਿ ਗੁਰੂਰਵਿਦਾਸ ਜੀ ਨੇ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਰਾਗਾਤਮਿਕ ਪਰੰਪਰਾ ਦੇ ਮੁਖ ਰਾਗਾਂ ਵਿਚੋਂ ਰਾਗੁ ਸਿਰੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤੁ ਤੇ ਮਲਾਰ ਕੁਲ ਪੰਦਰਾਂ ਰਾਗਾਂ ਦਾ ਪ੍ਰਯੋਗ ਕੀਤਾ ਹੈ। ਜਿਸਦੇ ਅੰਤਰਗਤ ਕੁਲ ਪੈਂਤੀ ਪਦ-ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਇਸੇ ਤਰ੍ਹਾਂ ਰਾਗ ਪ੍ਰਕਾਰਾਂ ਵਿਚੋਂ ਰਾਗੁ ਗਉੜੀ ਗੁਆਰੇਰੀ, ਗਉੜੀ ਬੈਰਾਗਣਿ ਤੇ ਗਉੜੀ ਪੂਰਬੀ ਕੁਲ ਤਿੰਨ ਰਾਗਾਂ ਦਾ ਪ੍ਰਯੋਗ ਕਰਦਿਆਂ ਪੰਜ ਪਦ-ਰਚਨਾਵਾਂ ਦਾ ਗਾਇਨ ਕੀਤਾ। ਦੇਖਣਯੋਗ ਗੱਲ ਹੈ ਕਿ ਇਹ ਤਿੰਨੋਂ ਰਾਗ ਪ੍ਰਕਾਰ ਗਉੜੀ ਦੇ ਹੀ ਹਨ। ਰੁੱਤਕਾਲੀਨ ਰਾਗਾਂ ਦੀ ਦ੍ਰਿਸ਼ਟੀ ਤੋਂ ਵਾਚਦਿਆਂ ਰਾਗੁ ਬਸੰਤੁ ਤੇ ਮਲਾਰ ਦੇ ਅੰਤਰਗਤ ਚਾਰ ਰਚਨਾਵਾਂ ਮਿਲਦੀਆਂ ਹਨ। ਗੁਰੂ ਰਵਿਦਾਸ ਬਾਣੀ ਦੇ ਇਨ੍ਹਾਂ ਰਾਗਾਂ ਦਾ ਰਾਗ ਸਮਾਂ-ਸਿਧਾਂਤ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਦਿਨ ਦੇ ਪਹਿਲੇ ਪਹਿਰ ਦੇ ਰਾਗ ਰਾਮਕਲੀ, ਗਉੜੀ ਬੈਰਾਗਣਿ, ਦੂਜੇ ਪਹਿਰ ਦੇ ਰਾਗ ਗੂਜਰੀ, ਸੂਹੀ, ਬਿਲਾਵਲ, ਗੋਂਡ, ਬੰਤਤ, ਤੀਜੇ ਪਹਿਰ ਦੇ ਰਾਗ ਧਨਾਸਰੀ, ਮਾਰੂਚੌਥੇ ਪਹਿਰ ਦੇ ਰਾਗ ਸਿਰੀ, ਗਉੜੀ ਗੁਆਰੇਰੀ, ਆਸਾ, ਜੈਤਸਰੀ, ਰਾਤ ਦੇ ਪਹਿਲੇ ਪਹਿਰ ਦੇ ਰਾਗ ਕੇਦਾਰਾ, ਗਉੜੀ ਪੂਰਬੀ, ਦੂਜੇ ਪਹਿਰ ਦੇ ਰਾਗ ਸੋਰਠਿ, ਤੀਜੇ ਪਹਿਰ ਦੇ ਰਾਗ ਮਲਾਰ ਅਤੇ ਚੌਥੇ ਪਹਿਰ ਦੇ ਰਾਗ ਆਸਾ ਤੇ ਭੈਰਉ ਦਾ ਪ੍ਰਯੋਗ ਕੀਤਾ ਗਿਆ ਹੈ। ਭਾਵ ਇਸ ਰਵਿਦਾਸ-ਬਾਣੀ ਵਿਚ ਅਠ ਪਹਿਰ ਦੇ ਰਾਗਾਂ ਦਾ ਪ੍ਰਯੋਗ ਹੋਇਆ ਹੈ। ਰਵਿਦਾਸ ਜੀ ਨੇ ਅਧਿਕਤਰ ਪ੍ਰਯੋਗ ਦਿਨ ਦੇ ਦੂਜੇ ਅਤੇ ਚੌਥੇ ਪਹਿਰ ਦੇ ਰਾਗਾਂ ਦਾ ਕੀਤਾ ਹੈ। ਇਸ ਪ੍ਰਸੰਗ ਵਿਚ ਜੋ ਗੱਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਉਹ ਇਹ ਕਿ ਗੁਰੂਰਵਿਦਾਸ ਜੀ ਨੇ ਆਪਣੇ ਰੂਹਾਨੀਅਤ ਦੇ ਸੰਦੇਸ਼ ਦੇ ਸਫ਼ਲ ਪ੍ਰਗਟਾ ਲਈ ਅੱਠੇ ਪਹਿਰ ਦੇ ਰਾਗਾਂ ਨੂੰ ਪ੍ਰਮੁੱਖ ਸੰਚਾਰ-ਜੁਗਤ ਵਜੋਂ ਵਰਤਿਆ ਹੈ, ਇਹੋ ਕਾਰਨ ਹੈ ਕਿ ਸਦੀਆਂ ਪੁਰਾਣੀ ਗੁਰਮਤਿ ਸੰਗੀਤ ਦੀ ਸਿਧਾਂਤਿਕਤਾ ਦੀ ਅਨੁਸਾਰੀ ਰਹੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਕੀਰਤਨ ਚੌਕੀ ਪਰੰਪਰਾ ਦੇ ਅੰਤਰਗਤ ਤਕਰੀਬਨ ਸਾਰੀਆਂ ਕੀਰਤਨ ਚੌਕੀਆਂ ਵਿਚ ਇਸ ਰਵਿਦਾਸ-ਬਾਣੀ ਦਾ ਗਾਇਨ ਆਮ ਸ੍ਰਵਨੀਗੋਚਰ ਹੁੰਦਾ ਹੈ।

ਸ੍ਰੀ ਗੁਰੂਗ੍ਰੰਥ ਸਾਹਿਬ ਦੀ ਰਾਗਾਤਮਿਕ ਤਰਤੀਬ ਦੇ ਅੰਤਰਗਤ ਗਿਆਰਵਾਂ ਸਥਾਨ ਲੈਣ ਵਾਲੇ ਰਾਗੁ ਜੈਤਸਰੀ ਦਾ ਪ੍ਰਯੋਗ ਸਮੁਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਇਕ ਸ਼ਬਦ)[25] ਦੁਆਰਾ ਹੀ ਕੀਤਾ ਹੈ। ਇਸੇ ਤਰ੍ਹਾਂ ਤੇਈਵਾਂ ਸਥਾਨ ਲੈਣ ਵਾਲਾ ਰਾਗੁ ਕੇਦਾਰਾ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਇਕ ਸ਼ਬਦ)[26] ਤੇ ਕਬੀਰ (ਛੇ ਸ਼ਬਦ)[27] ਨੇ ਹੀ ਕੀਤਾ, ਜਦੋਂ ਕਿ ਗੁਰੂਬਾਣੀ ਦੇ ਅੰਤਰਗਤ ਗੁਰੂਰਾਮਦਾਸ ਜੀ (ਦੋ ਸ਼ਬਦ)[28] ਅਤੇ ਗੁਰੂਅਰਜਨ ਦੇਵ ਜੀ (ਸੋਲ੍ਹਾਂ ਸ਼ਬਦ)[29] ਦੁਆਰਾ ਹੀ ਕੀਤਾ ਗਿਆ ਹੈ। ਰਾਗ ਤਰਤੀਬ ਅਨੁਸਾਰ ਸਤਾਈਵਾਂ ਸਥਾਨ ਲੈਣ ਵਾਲੇ ਰਾਗੁ ਮਲਾਰ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ (ਤਿੰਨ ਸ਼ਬਦ)[30], ਨਾਮਦੇਵ ਜੀ (ਦੋ ਸ਼ਬਦ)[31] ਅਤੇ ਗੁਰੂ-ਬਾਣੀ ਦੇ ਅੰਤਰਗਤ ਗੁਰੂਨਾਨਕ ਦੇਵ ਜੀ, ਗੁਰੂਅਮਰਦਾਸ ਜੀ, ਗੁਰੂਰਾਮਦਾਸ ਜੀ ਤੇ ਗੁਰੂਅਰਜਨ ਦੇਵ ਜੀ ਦੁਆਰਾ ਹੀ ਕੀਤਾ ਹੈ। ਰਾਗ ਤਰਤੀਬ ਅਨੁਸਾਰ ਤੀਜਾ ਸਥਾਨ ਲੈਣ ਵਾਲੇ ਰਾਗੁ ਗਉੜੀ ਦੇ ਪ੍ਰਕਾਰਾਂ ਦੇ ਅੰਤਰਗਤ ਰਾਗ ਗਉੜੀ ਗੁਆਰੇਰੀ, ਗਉੜੀ ਬੈਰਾਗਣਿ ਤੇ ਗਉੜੀ ਪੂਰਬੀ ਦਾ ਪ੍ਰਯੋਗ ਸਮੁੱਚੀ ਭਗਤ-ਬਾਣੀ ਵਿਚ ਕੇਵਲ ਰਵਿਦਾਸ ਜੀ ਅਤੇ ਕਬੀਰ ਜੀ ਦੁਆਰਾ ਹੀ ਕੀਤਾ ਗਿਆ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਸ੍ਰੀ ਗੁਰੂਗ੍ਰੰਥ ਸਾਹਿਬ ਦੀ ਰਾਗਾਤਮਿਕ ਪਰੰਪਰਾ ਦੇ ਅੰਤਰਗਤ ਗੁਰੂਰਵਿਦਾਸ ਜੀ ਦੁਆਰਾ ਇਨ੍ਹਾਂ ਅਲਪ ਪ੍ਰਯੋਗ ਰਾਗਾਂ ਨੂੰ ਆਪਣੀ ਆਧਿਆਤਮਿਕ ਵਿਚਾਰਧਾਰਾ ਦੇ ਸਫ਼ਲ ਸੰਚਾਰ ਹਿੱਤ ਵਰਤਣਾ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗ ਪ੍ਰਬੰਧ ਵਿਚ ਉਨ੍ਹਾਂ ਦੇ ਮੁਲਵਾਨ ਤੇ ਸਾਰਥਿਕ ਮਹੱਤਵ ਨੂੰ ਉਭਾਰਦਾ ਹੈ।

**ਹਵਾਲੇ :**


(1) *ਬ੍ਰਹਦ ਹਿੰਦੀ ਕੋਸ਼, ਕਲਿਕਾ ਪ੍ਰਸਾਦ (ਸੰਪਾ), ਪੰਨਾ 951.*

(2) *ਭਰਤਮੁੰਨੀ, ਨਾਟਯ ਸ਼ਾਸਤਰ, ਅਧਿਆਇ 28, ਸਲੋਕ 41-64.*

(3) *ਬ੍ਰਹਸਪਤੀ, ਆਚਾਰੀਆ, ਸੰਗੀਤ ਚਿੰਤਾਮਣੀ, ਪੰਨਾ 80.*

(4) *ਭਰਤਮੁੰਨੀ, ਨਾਟਯ ਸ਼ਾਸਤਰ, ਅਧਿਆਇ 28, ਪੰਨੇ 67-68.*

(5) *ਸ਼ਾਰੰਗਦੇਵ (ਪੰ.), ਸੰਗੀਤ ਰਤਨਾਕਰ, ਭਾਗ ਪਹਿਲਾ, ਪੰਨਾ 36.*

(6) *ਦਮੋਦਰ (ਪੰ.), ਸੰਗੀਤ ਦਰਪਣ, ਪੰਨਾ 45.*

(7) *ਸ੍ਰੀ ਗੁਰੂਗ੍ਰੰਥ ਸਾਹਿਬ, ਅੰਗ 93.*

(8) *ਉਹੀ, ਅੰਗ 345.*

(9) *ਉਹੀ, ਅੰਗ 346.*

(10) *ਉਹੀ.*

(11) *ਉਹੀ, ਅੰਗ 486-487.*

(12) *ਉਹੀ, ਅੰਗ 525.*

(13) *ਉਹੀ, ਅੰਗ 658-659.*

(14) *ਉਹੀ, ਅੰਗ 694.*

(15) *ਉਹੀ, ਅੰਗ 710.*

(16) *ਉਹੀ, ਅੰਗ 858.*

(17) *ਉਹੀ, ਅੰਗ 875.*

(18) *ਉਹੀ, ਅੰਗ 973-974.*

(19) *ਉਹੀ, ਅੰਗ 1106.*

(20) *ਉਹੀ, ਅੰਗ 1124.*

(21) *ਉਹੀ, ਅੰਗ 1167.*

(22) *ਉਹੀ, ਅੰਗ 1196.*

(23) *ਉਹੀ, ਅੰਗ 1293.*

(24) *ਉਹੀ, ਅੰਗ 710.*

(25) *ਉਹੀ, ਅੰਗ 1124.*

(26) *ਉਹੀ, ਅੰਗ 1123-1124.*

(27) *ਉਹੀ, ਅੰਗ 1118-1119.*

(28) *ਉਹੀ, ਅੰਗ 1119-1122.*

(29) *ਉਹੀ, ਅੰਗ 1293.*

(30) *ਉਹੀ, ਅੰਗ 1292.*

(31) *ਉਹੀ.*



**UGC -**

**APPROVED - JOURNAL**


